# ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
# ਐਸ.ਸੀ.ਓ 104-106 ਸੈਕਟਰ 34-ਏ, ਚੰਡੀਗੜ੍ਹ

ਫੋਨ ਨੂੰ 0172-2623207, 2621106 ਈ.ਮੇਲ ssa.punjab@yahoo.co.in

ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਵੱਲੋਂ ਨਿਮਨਲਿਖਤ ਖਾਲੀ ਅਸਾਮੀਆਂ ਕੰਟਰੈਕਟ ਬੇਸਿਜ਼ ਤੇ ਭਰਨ ਲਈ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ:-

| ਅਸਾਮੀ ਦਾ ਨਾਮ | ਮਾਸਿਕ ਬੱਝਵੀਂ ਤਨਖਾਹ | ਮੁਢਲੀ ਵਿੱਦਿਅਕ ਅਤੇ ਕਿੱਤਾ ਯੋਗਤਾ | ਅਸਾਮੀਆਂ ਦੀ ਗਿਣਤੀ |
|---|---|---|---|
| ਉਪ ਮੰਡਲ ਇੰਜੀਨੀਅਰ | 15,000/- ਰੁ: | ਉਮੀਦਵਾਰ ਬਤੌਰ ਐਸ.ਡੀ.ਓ ਲੋਕ ਨਿਰਮਾਣ (ਭਵਨ ਤੇ ਮਾਰਗ ਸ਼ਾਖਾ) ਵਿਭਾਗ ਪੰਜਾਬ, ਪੇਂਡੂ ਵਿਕਾਸ ਤੇ ਪੰਚਾਇਤੀ ਵਿਭਾਗ ਅਤੇ ਪੁੱਡਾ ਤੋ ਸੇਵਾ ਨਿਵਿਰਤ ਹੋਵੇ ਅਤੇ 15-20 ਸਾਲ ਦਾ ਬਿਲਡਿੰਗ ਉਸਾਰੀ ਦਾ ਤਜਰਬਾ ਹੋਵੇ ਅਤੇ ਸਿਵਲ ਇੰਜ਼ੀਨੀਅਰ ਵਿਚ ਗਰੈਜੂਏਸ਼ਨ/ਡਿਪਲੋਮਾ ਕੀਤਾ ਹੋਵੇ | 1- ਫਤਿਹਗੜ੍ਹ ਸਾਹਿਬ<br>1- ਸੰਗਰੂਰ |
| ਸਟੈਨੋਗਰਾਫਰ | 8500/- ਰ: | ਗਰੈਜੂਏਟ+ਸਟੈਨੋਗਰਾਫੀ ਦਾ ਅੰਗਰੇਜ਼ੀ ਅਤੇ ਪੰਜਾਬੀ ਦਾ ਡਿਪਲੋਮਾ ਅਤੇ ਕੰਪਿਊਟਰ ਟਾਇਪਿੰਗ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਜਾਣਦਾ ਹੋਵੇ। | 01 ਮੁੱਖ ਦਫਤਰ |
| ਲੀਗਲ ਸਹਾਇਕ | 10,000/- | ਉਮੀਦਵਾਰ ਨੇ ਗ੍ਰੇਜੁਏਸ਼ਨ ਵਕਾਲਤ (Law) ਵਿੱਚ ਪਾਸ ਕੀਤੀ ਹੋਵੇ ਅਤੇ ਲੀਗਲ ਕੇਸਾ ਨੂੰ ਹੈਂਡਲ ਕਰਨ ਦਾ 2 ਸਾਲ ਦਾ ਤਜਰਬਾ ਹੋਵੇ। | 01 ਮੁੱਖ ਦਫਤਰ |

- ਅਰਜ਼ੀਆਂ ਭੇਜਣ ਦੀ ਆਖਰੀ ਮਿਤੀ 20.12.2010 ਹੈ।
- ਅਸਾਮੀਆਂ ਦੀ ਗਿਣਤੀ ਘਟ ਵੱਧ ਸਕਦੀ ਹੈ।
- ਸਟੈਨੋਗਰਾਫਰ ਅਤੇ ਲੀਗਲ ਸਹਾਇਕ ਦੀ ਉਮਰ 01/12/10 ਨੂੰ 18-35 ਸਾਲ ਹੋਵੇ।
- ਉਡੀਕ ਸੂਚੀ ਦੀ ਮਿਆਦ ਵਿਗਿਆਪਨ ਦੀ ਮਿਤੀ ਤੋ ਅਗਲੇ 6 ਮਹੀਨਿਆਂ ਤੱਕ ਰਹੇਗੀ।
- ਬਿਨੈਪੱਤਰ ਦਾ ਪ੍ਰੋਫਾਰਮਾ ਅਤੇ ਸ਼ਰਤਾ ਵਿਭਾਗ ਦੀ ਵੈਬਸਾਈਟ **www.ssapunjab.org** ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

# ਨਿਯਮ ਅਤੇ ਸ਼ਰਤਾਂ

**ਆਮ ਨਿਯਮ ਅਤੇ ਸ਼ਰਤਾਂ**

- ਐਸ.ਐਸ.ਏ ਅਧੀਨ ਸਾਰੀਆਂ ਅਸਾਮੀਆਂ ਮੁੱਢਲੇ ਤੌਰ 'ਤੇ ਇੱਕ ਸਾਲ ਦੇ ਠੇਕੇ ਆਧਾਰ 'ਤੇ ਹੋਣਗੀਆਂ ਜੋ ਕਿ ਚੰਗੀ ਕਾਰ-ਗੁਜ਼ਾਰੀ ਅਤੇ ਪ੍ਰਾਪਤੀ ਦੇ ਆਧਾਰ 'ਤੇ ਹਰ ਸਾਲ ਲਈ ਨਵਿਆਈਆਂ ਜਾ ਸਕਦੀਆ ਹਨ ।
- ਵਿਦਿਅਕ ਯੋਗਤਾ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ /ਬੋਰਡ/ਸੰਸਥਾਂ ਤੋਂ ਪਾਸ ਹੋਵੇ । ਉਮੀਦਵਾਰ ਨੇ ਬਿਨੈ ਪੱਤਰ ਜਮ੍ਹਾਂ ਕਰਨ ਲਈ ਨੀਯਤ ਮਿਤੀ ਤੋਂ ਪਹਿਲਾਂ ਅੰਤਿਮ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਯੋਗਤਾ ਕੋਰਸ ਮੁਕੰਮਲ ਕੀਤਾ ਹੋਵੇ ।
- ਬਿਨੈਪੱਤਰ ਦਿੱਤੇ ਨਿਰਧਾਰਿਤ ਪ੍ਰੋਫਾਰਮੇ ਵਿੱਚ ਭੇਜਿਆ ਜਾਵੇ ਜਿਸ ਦੇ ਨਾਲ ਦੋ ਪਾਸਪੋਰਟ ਅਕਾਰ ਦੀਆਂ ਫੋਟੋਆਂ ਭੇਜੀਆਂ ਜਾਣ ।
- ਅਸਾਮੀਆਂ ਦਾ ਰਾਖਵਾਂਕਰਨ ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਹੋਵੇਗਾ ।
- ਉਮੀਦਵਾਰ ਦੀ ਉਮਰ 01-12-2010 ਨੂੰ 18-35 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ ।
- ਉਮੀਂਦਵਾਰ ਪੰਜਾਬ ਰਾਜ ਦਾ ਵਸਨੀਕ ਹੋਵੇ ।
- ਬਿਨੈਪੱਤਰਾਂ ਦੇ ਨਾਲ ਜਨਮ ਸਰਟੀਫਿਕੇਟ, ਯੋਗਤਾਵਾਂ, ਰਿਹਾਇਸ਼ ਸਬੂਤ, ਰਾਖਵੇਂ ਵਰਗ ਆਦਿ ਦੀਆਂ ਤਸਦੀਕਸ਼ੁਦਾ ਕਾਪੀਆਂ ਨੱਥੀ ਹੋਣੀਆਂ ਚਾਹੀਦੀਆਂ ਹਨ ।
- ਬਿਨੈਪੱਤਰ ਦੇ ਨਾਲ "ਸਟੇਟ ਪ੍ਰੋਜੈਕਟ ਡਾਇਰੈਕਟਰ, ਰਾਸ਼ਟਰੀ ਮਾਧਿਮਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ" ਦੇ ਪੱਖ ਵਿੱਚ ਚੰਡੀਗੜ੍ਹ ਵਿਖੇ ਅਦਾਯੋਗ ਰੁਪਏ 250/- (ਐਸ.ਸੀ ਲਈ 125/- ਰੁਪਏ) ਨਾ ਮੋੜਨਯੋਗ ਦਾ ਡਿਮਾਂਡ ਡਰਾਫਟ ਨੱਥੀ ਕੀਤਾ ਹੋਵੇ ।
- ਅਧੂਰੇ ਬਿਨੈਪੱਤਰ ਵਿਚਾਰੇ ਨਹੀ ਜਾਣਗੇ । ਚਾਹਵਾਨ ਅਤੇ ਯੋਗ ਉਮੀਦਵਾਰ ਨੂੰ ਬਿਨੈਪੱਤਰ ਹੇਠਾਂ ਦਿੱਤੇ ਪ੍ਰੋਫਾਰਮੇ ਅਨੁਸਾਰ (ਟੈਸਟੀਮੋਨੀਅਲਜ਼ ਦੀਆ ਤਸਦੀਕਸ਼ੁਦਾ ਕਾਪੀਆਂ ਸਹਿਤ ) ਭੇਜੇ ਜਾਣ ।
- ਐਸ.ਪੀ.ਡੀ , ਐਸ.ਐਸ.ਏ ਪੰਜਾਬ ਬਿਨਾਂ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਉਮੀਦਵਾਰਾਂ ਨੂੰ ਰਿਜੈਕਟ ਕਰਨ ਦਾ ਹੱਕ ਰਾਖਵਾਂ ਰੱਖਦਾ ਹੈ ।
- ਸਰਕਾਰ ਦੁਆਰਾ ਦੰਡ ਜਾਂ ਪਬਲਿਕ ਅਥਾਰਟੀ ਦੁਆਰਾ ਬਰਖ਼ਾਸਤ ਇੰਪਲਾਈਜ਼ ਬਿਨੈ ਨਾ ਕਰਨ । ਜੇਕਰ ਉਮੀਦਵਾਰ ਅਜਿਹੀ ਸੂਚਨਾ ਗੁਪਤ ਰੱਖ ਕੇ ਰੁਜ਼ਗਾਰ ਪ੍ਰਾਪਤ ਕਰਦਾ ਹੈ ਤਾਂ ਬਿਨਾਂ ਸੂਚਨਾ ਉਸ ਦੀ ਉਮੀਦਵਾਰੀ ਰੱਦ ਕੀਤੀ ਜਾਵੇਗੀ ।
- ਨਿਯੁਕਤੀ ਲਿਖਤੀ ਟੈਸਟ ਦੇ ਆਧਾਰ ਤੇ ਹੀ ਕੀਤੀ ਜਾਵੇਗੀ।

ਆਸਾਮੀਆਂ ਲਈ ਨਿਰਧਾਰਤ ਪ੍ਰੋਫਾਰਮੇ ਵਿੱਚ ਮਿਤੀ 20.12.2010 ਸ਼ਾਮ 5.00 ਤੱਕ ਉਪਰੋਕਤ ਦਿੱਤੇ ਐਡਰੈਸ ਤੇ ਪੁੱਜ ਜਾਣੀਆਂ ਚਾਹੀਦੀਆਂ ਹਨ। ਨਿਰਧਾਰਤ ਮਿਤੀ ਤੋਂ ਬਾਅਦ ਪੁੱਜੀਆਂ ਅਰਜ਼ੀਆਂ ਉਤੇ ਵਿਚਾਰ ਨਹੀਂ ਕੀਤੀ ਜਾਵੇਗੀ।

## ਅਰਜ਼ੀ ਦਾ ਪ੍ਰੋਫਾਰਮਾ

**ਅਸਾਮੀ ਦਾ ਨਾਮ ਜਿਸ ਲਈ ਦਰਖਾਸਤ ਕੀਤੀ ਗਈ ਹੈ...............ਜ਼ਿਲਾ................ ਅਧੀਨ ਸੋਸਾਈਟੀ**
.............................

ਇੱਥੇ ਪਾਸਪੋਰਟ ਸਾਈਜ਼ ਤਾਜ਼ਾ ਫੋਟੋ ਚਿਪਕਾਈ ਜਾਵੇ

1. ਨਾਮ :

2. ਪਿਤਾ ਦਾ ਨਾਮ

3. ਜਨਮ ਮਿਤੀ

4. ਸਥਾਈ ਪਤਾ

5. ਯੋਗਤਾ:

| ਲੜੀ ਨੰ: | ਪਾਸ ਕੀਤਾ ਗਿਆ ਇਮਤਿਹਾਨ | ਯੂਨੀਵਰਸਿਟੀ/ਬੋਰਡ/ਸੰਸਥਾ | ਪਾਸ ਕਰਨ ਦਾ ਸਾਲ | ਅੰਕਾਂ ਦੀ ਪ੍ਰਤੀਸ਼ਤਤਾ |
|---|---|---|---|---|
| | | | | |

( ਮੈਟ੍ਰਿਕ ਤੋਂ ਲੈਕੇ ਸਭ ਤੋਂ ਅਖੀਰਲੀ ਯੋਗਤਾ ਤੱਕ ਸਭ ਦਾ ਵੇਰਵਾ ਦਿੱਤਾ ਜਾਵੇ )

6.ਸੰਬੰਧਤ ਕੰਮ ਦਾ ਤਜਰਬਾ

________________________________________________

7. ਬੈਂਕ ਡਰਾਫਟ ਦਾ ਵੇਰਵਾ

| ਬੈਂਕ ਦਾ ਨਾਮ | ਡਰਾਫਟ ਨੰ: | ਰਾਸ਼ੀ | ਮਿਤੀ |
|---|---|---|---|
| | | | |

8. ਜ਼ਿਲੇ ਦਾ ਨਾਮ ਜਿਸ ਨਾਲ ਉਮੀਦਵਾਰ ਸੰਬੰਧ ਰੱਖਦਾ ਹੈ

| | | |
|---|---|---|
| 9. ਪੱਤਰ ਵਿਹਾਰ ਲਈ ਪਤਾ ( ਪੂਰਾ ਨਾਮ ਅਤੇ ਪਤਾ ਵੱਡੇ ਅੱਖਰਾਂ ਵਿੱਚ ਕੇਵਲ ਕਾਲੀ ਸਿਆਹੀ ਨਾਲ ਲਿਖਿਆ ਜਾਵੇ ) | ....................................<br>....................................<br>ਜ਼ਿਲਾ............................ ਪਿਨ ਕੋਡ.......................<br>ਫੋਨ ਨੰ: (ਐਸ.ਟੀ.ਡੀ ਕੋਡ ਸਮੇਤ).................ਮੋਬਾ: ਨੰ:.................<br>ਈ–ਮੇਲ ਐਡਰੈਸ..................................... | ਆਪਣੇ ਹਸਤਾਖਰਾਂ ਵਾਲੀ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਇੱਥੇ ਚਿਪਕਾਈ ਜਾਵੇ (5 ਸੈਂ.ਮੀ × 7 ਸੈਂ:ਮੀ. ) |

ਘੋਸ਼ਣਾ : ਮੈਂ ਘੋਸ਼ਣਾ ਕਰਦਾ ਹਾਂ ਕਿ ਬਿਨੈ–ਪੱਤਰ ਵਿੱਚ ਦਿੱਤੇ ਗਏ ਸਾਰੇ ਵੇਰਵੇ ਮੇਰੇ ਵਿਸ਼ਵਾਸ ਅਤੇ ਜਾਣਕਾਰੀ ਅਨੁਸਾਰ ਸਹੀ ਹਨ। ਜੇਕਰ ਇਹ ਵੇਰਵੇ ਗਲਤ ਪਾਏ ਗਏ ਤਾਂ ਮੇਰੀ ਉਮੀਦਵਾਰੀ/ਨਿਯੁਕਤੀ ਬਿਨਾਂ ਕਿਸੇ ਨੋਟਿਸ ਤੋਂ ਰੱਦ ਕਰ ਦਿੱਤੀ ਜਾਵੇ ।

________________

ਸਟੇਟ ਪ੍ਰਾਜੈਕਟ ਡਾਇਰੈਕਟਰ